**ਗੁਰੂ ਗੋਬਿੰਦ ਸਿੰਘ** ( 1666 – 1708 ਈਸਵੀ ) :

ਸਿੱਖ ਧਰਮ ਦੀ ਗੁਰੂ-ਪਰੰਪਰਾ ਵਿਚ ਦਸਵਾਂ ਸਥਾਨ ਰੱਖਣ ਵਾਲੇ ਗੁਰੂ ਗੋਬਿੰਦ ਸਿੰਘ ਦਾ ਗੁਰੂ ਨਾਨਕ ਕਾਲ ਦੇ ਗੁਰੂ ਕਵੀਆਂ ਵਿਚ ਆਪਣਾ ਵਿਸ਼ੇਸ਼ ਸਥਾਨ ਤੇ ਮਹੱਤਵ ਹੈ। ਇਨ੍ਹਾਂ ਦਾ ਜਨਮ ਨੌਵੇਂ ਸਿੱਖ ਗੁਰੂ, ਤੇਗ ਬਹਾਦਰ ਦੇ ਘਰ ਮਾਤਾ ਗੁਜਰੀ ਦੀ ਕੁੱਖੋਂ 22 ਦਸੰਬਰ, 1666 ਈ. (ਪੋਹ ਸੁਦੀ ਸੱਤਵੀਂ, 1723 ਬਿ.) ਨੂੰ ਬਿਹਾਰ ਦੇ ਪਟਨਾ ਸ਼ਹਿਰ ਵਿਖੇ ਹੋਇਆ। ਇਨ੍ਹਾਂ ਦਾ ਬਚਪਨ ਦਾ ਨਾਮ ਗੋਬਿੰਦ ਰਾਇ ਸੀ। ਛੇ ਸਾਲ ਦੀ ਉਮਰ ਤਕ ਪਟਨੇ ਰਹਿਣ ਤੋਂ ਬਾਦ ਇਹ ਆਪਣੇ ਪਰਿਵਾਰ ਸਮੇਤ ਆਨੰਦਪੁਰ (ਸਾਹਿਬ) ਆ ਕੇ ਰਹਿਣ ਲੱਗੇ। ਇਥੇ ਇਨ੍ਹਾਂ ਨੂੰ ਸੰਸਕ੍ਰਿਤ ਅਤੇ ਫ਼ਾਰਸੀ ਆਦਿ ਭਾਸ਼ਾਵਾਂ ਦੀ ਸਿਖਿਆ ਦੇਣ ਦਾ ਪ੍ਰਬੰਧ ਕੀਤਾ ਗਿਆ। ਇਸ ਤੋਂ ਇਲਾਵਾ ਇਨ੍ਹਾਂ ਨੂੰ ਸ਼ਸਤਰ-ਵਿਦਿਆ ਵੀ ਪ੍ਰਦਾਨ ਕੀਤੀ ਗਈ। ਇਸ ਤਰ੍ਹਾਂ ਸ਼ਸਤਰ ਤੇ ਸ਼ਾਸਤਰ ਦੋਹਾਂ ਤਰ੍ਹਾਂ ਦੀ ਵਿਦਿਆ ਨੇ ਬਾਲਕ ਗੋਬਿੰਦ ਰਾਇ ਦੀ ਸ਼ਖ਼ਸੀਅਤ ਨੂੰ ਅਨੋਖਾ ਜਲੌ ਪ੍ਰਦਾਨ ਕੀਤਾ। ਅਸਲ ਵਿਚ ਇਸੇ ਦੂਹਰੀ ਸਿਖਲਾਈ ਨੇ ਹੀ ਉਨ੍ਹਾਂ ਦੇ ਭਵਿੱਖਾਰਥੀ ਉਪਰਾਲਿਆਂ ਲਈ ਜ਼ਰਖ਼ੇਜ਼ ਜ਼ਮੀਨ ਤਿਆਰ ਕੀਤੀ।

ਜਿਸ ਵੇਲੇ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਗੁਰੂ ਤੇਗ ਬਹਾਦਰ ਨੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਦਿੱਲੀ ਵਿਚ ਜਾਕੇ ਸ਼ਹਾਦਤ ਦਿੱਤੀ ਤਾਂ ਬਾਲਕ ਗੋਬਿੰਦ ਰਾਇ ਦੀ ਉਮਰ 9 ਸਾਲ ਦੀ ਸੀ। ਗੁਰੂ ਤੇਗ ਬਹਾਦਰ ਨੇ ਸ਼ਹਾਦਤ ਤੋਂ ਪਹਿਲਾਂ ਇਨ੍ਹਾਂ ਨੂੰ ਗੁਰ-ਗੱਦੀ ਦਾ ਵਾਰਿਸ ਬਣਾ ਦਿੱਤਾ। ਗੁਰ-ਗੱਦੀ ਉੱਪਰ ਬੈਠਦਿਆਂ ਹੀ ਇਨ੍ਹਾਂ ਨੇ ਅਤਿਆਚਾਰੀ ਮੁਗ਼ਲ ਸਾਮੰਤਵਾਦ ਦਾ ਸਾਮ੍ਹਣਾ ਕਰਨ ਲਈ ਸੈਨਿਕ ਕਾਰਵਾਈਆਂ ਆਰੰਭ ਕਰ ਦਿੱਤੀਆਂ। ਇਨ੍ਹਾਂ ਨੇ ਆਪਣੇ ਸ਼ਰਧਾਲੂਆਂ ਪਾਸੋਂ ਰਵਾਇਤੀ ਭੇਟਾ ਸਵੀਕਾਰ ਕਰਨ ਦੇ ਨਾਲ ਨਾਲ ਸੈਨਿਕ ਸਾਜ਼-ਸਾਮਾਨ ਅਤੇ ਘੋੜਿਆਂ ਆਦਿ ਦੀ ਭੇਟਾ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ।

ਇਸੇ ਦੌਰਾਨ ਇਹ ਨ੍ਹਾਂਨ ਰਾਜੇ ਦੇ ਸੱਦੇ ਉੱਤੇ ਕੁਝ ਸਮੇਂ ਲਈ ਉਸਦੀ ਰਿਆਸਤ ਵਿਚ ਚਲੇ ਗਏ ਅਤੇ ਜਮਨਾ ਨਦੀ ਦੇ ਕੰਢੇ ਵਸੇ ਹੋਏ ਨਗਰ ਪਾਉਂਟਾ (ਸਾਹਿਬ) ਵਿਖੇ ਡੇਰਾ ਲਾ ਲਿਆ। ਇਸ ਥਾਂ ਉਨ੍ਹਾਂ ਨੇ ਸੈਨਿਕ ਸਿਖਲਾਈ ਦੇ ਨਾਲ ਨਾਲ ਸਾਹਿਤ-ਸਿਰਜਣਾ ਦਾ ਕਾਰਜ ਵੀ ਆਰੰਭਿਆ ਜੋ ਅਤਿਅੰਤ ਮਹੱਤਵਪੂਰਣ ਸਿੱਧ ਹੋਇਆ। ਕੁਝ ਸਮੇਂ ਬਾਦ ਉਹ ਇਕ ਵਾਰ ਫੇਰ ਆਨੰਦਪੁਰ ਸਾਹਿਬ ਪਰਤ ਆਏ ਅਤੇ ਇਸ ਥਾਂ ਨੂੰ ਆਪਣਾ ਗੜ੍ਹ ਬਣਾ ਲਿਆ। ਆਮੰਦਪੁਰ ਸਾਹਿਬ ਦੀ ਰੱਖਿਆ ਲਈ ਉਨ੍ਹਾਂ ਨੇ ਇਸ ਦੇ ਆਲੇ ਦੁਆਲੇ ਪੰਜ ਕਿਲਿਆਂ ਦੀ ਉਸਾਰੀ ਕੀਤੀ – ਆਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ, ਫਤਹਗੜ੍ਹ ਅਤੇ ਹੋਲਗੜ੍ਹ।

ਜਦੋਂ ਮੁਗ਼ਲ ਹਕੂਮਤ ਨੇ ਪਹਾੜੀ ਰਾਜਿਆਂ ਪਾਸੋਂ ਕਰ ਵਸੂਲ ਕਰਨ ਲਈ ਅਲਿਫ਼ ਖ਼ਾਂ ਨੂੰ ਉਨ੍ਹਾਂ ਦੇ ਵਿਰੁੱਧ ਸੈਨਿਕ ਕਾਰਵਾਈ ਲਈ ਭੇਜਿਆ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਪਾਸੋਂ ਸਹਾਇਤਾ ਮੰਗੀ। ਇਸ ਮੰਤਵ ਲਈ ਗੁਰੂ ਜੀ ਨੇ ਬਿਆਸ ਨਦੀ ਦੇ ਕੰਢੇ ਨਦੌਣ ਦੇ ਸਥਾਨ ਉੱਤੇ ਅਲਿਫ਼ ਖ਼ਾਂ ਦੀਆਂ ਫੌਜਾਂ ਨਾਲ ਯੁੱਧ ਕੀਤਾ ਅਤੇ ਉਨ੍ਹਾਂ ਨੂੰ ਪ੍ਰਾਜਿਤ ਕਰ ਦਿੱਤਾ। ਇਸ ਘਟਨਾ ਦੇ ਪ੍ਰਤਿਕਰਮ ਵਜੋਂ ਬਾਦਸ਼ਾਹ ਔਰੰਗਜ਼ੇਬ ਨੇ ਪਹਾੜੀ ਰਾਜਿਆਂ ਨੂੰ ਸਬਕ ਸਿਖਾਉਣ ਲਈ ਆਪਣੇ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ ਦੀ ਅਗਵਾਈ ਵਿਚ ਵੱਡੀ ਫੌਜ ਦੇ ਭੇਜਿਆ। ਪਰ ਉਹ ਗੁਰੂ ਜੀ ਦੀ ਅਜ਼ਮਤ ਤੋਂ ਕਾਇਲ ਹੋਕੇ ਵਾਪਸ ਪਰਤਿਆ।[1]

---

[1] ਡਾ. ਰਤਨ ਸਿੰਘ ਜੱਗੀ, **ਪੰਜਾਬੀ ਸਾਹਿੱਤ ਦਾ ਸਰੋਤ ਮੂਲਕ ਇਤਿਹਾਸ**, ਪੰਨਾ – 246-47.

ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਵਾਪਸ ਪਰਤ ਕੇ ਆਪਣੇ ਸਾਹਿਤ-ਸਿਰਜਣਾ ਦੇ ਕਾਰਜ ਨੂੰ ਇਕ ਵਾਰ ਫੇਰ ਆਰੰਭ ਕਰ ਦਿੱਤਾ। ਉਨ੍ਹਾਂ ਨੇ ਧਰਮ ਅਤੇ ਕੌਮ ਦੀ ਬਿਹਤਰੀ ਲਈ ਪ੍ਰਤਿਬੱਧ ਵਿਦਵਾਨਾਂ ਅਤੇ ਕਵੀਆਂ ਦੀ ਮੰਡਲੀ ਤਿਆਰ ਕਰ ਲਈ ਜਿਸਦਾ ਮਨੋਰਥ ਭਾਰਤੀ ਧਰਮ-ਸਭਿਆਚਾਰ, ਇਤਿਹਾਸ ਅਤੇ ਪੁਰਾਣ ਦਾ ਅਧਿਐਨ ਕਰਨਾ ਸੀ। ਨਿਰਾ ਅਧਿਐਨ ਹੀ ਨਹੀਂ ਸਗੋਂ ਸੰਸਕ੍ਰਿਤ ਭਾਸ਼ਾ ਵਿਚ ਪ੍ਰਾਪਤ ਵਿਰਸੇ ਦੇ ਗਿਆਨ ਨੂੰ  ਭਾਖਾ ਵਿਚ ਰੂਪਾਂਤਰਿਤ ਕਰਨਾ ਵੀ ਸੀ। ਇਸ ਗਿਆਨ-ਮੂਲਕ ਉਪਰਾਲੇ ਦਾ ਇਕੋ ਇਕ ਮਨੋਰਥ ਸੀ - ਭਾਰਤੀ ਲੋਕ-ਮਨ ਵਿਚ ਆਪਣੇ ਵਿਰਸੇ ਦੇ ਗੌਰਵ ਨੂੰ ਪੁਨਰ-ਸਥਾਪਿਤ ਕਰਨਾ ਅਤੇ ਜ਼ੁਲਮ ਦੇ ਟਾਕਰੇ ਲਈ ਲਾਮਬੰਦ ਕਰਨਾ। 1699 ਈ. ਨੂੰ ਗੁਰੂ ਗੋਬਿੰਦ ਸਿੰਘ ਨੇ ਗੁਰੂ ਪੰਪਰਾ ਦੇ ਸੰਦਰਭ ਵਿਚ ਇਕ ਹੋਰ ਮਹਤਵਪੂਰਣ ਅਤੇ ਕ੍ਰਾਂਤੀਕਾਰੀ ਕਦਮ ਚੁੱਕਿਆ। ਇਹ ਸੀ ਜ਼ੁਲਮ ਅਤੇ ਤਸ਼ੱਦਦ ਦੇ ਟਾਕਰੇ ਲਈ ਖਾਲਸੇ ਦੀ ਸਾਜਨਾ। ਇਸ ਘਟਨਾ ਨੇ ਸਿੱਖ ਲਹਿਰ ਨੂੰ ਸ਼ਾਂਤਮਈ ਸੰਘਰਸ਼ ਦੇ ਨਾਲ ਨਾਲ ਸੈਨਿਕ ਸੰਘਰਸ਼ ਲਈ ਵੀ ਤਿਆਰ ਕਰ ਦਿੱਤਾ।

ਗੁਰੂ ਜੀ ਦਿਨੋ ਦਿਨ ਵਧਦੀ ਸੈਨਿਕ ਸ਼ਕਤੀ ਅਤੇ ਉਨ੍ਹਾਂ ਦੇ ਕ੍ਰਾਂਤੀਕਾਰੀ ਉਪਰਾਲਿਆਂ ਨੇ ਪਹਾੜੀ ਰਾਜਿਆਂ ਨੂੰ ਭੈਭੀਤ ਕਰ ਦਿੱਤਾ। ਉਨ੍ਹਾਂ ਨੇ ਮੁਗ਼ਲ ਬਾਦਸ਼ਾਹ ਅੱਗੇ ਇਸ ਗੱਲ ਦੀ ਸ਼ਿਕਾਇਤ ਕੀਤੀ ਤਾਂ 1700 ਈ. ਨੂੰ ਪੈਂਦੇ ਖ਼ਾਂ ਅਤੇ ਦੀਨਾ ਬੇਗ਼ ਦੀ ਅਗਵਾਈ ਵਿਚ ਮੁਗ਼ਲ ਫੌਜਾਂ ਨੇ ਪੰਜਾਬ ਵਲ ਕੂਚ ਕਰ ਦਿੱਤਾ। ਉਨ੍ਹਾਂ ਦੇ ਨਾਲ ਪਹਾੜੀ ਰਾਜੇ ਵੀ ਰਲ ਗਏ। ਮੁਗ਼ਲ ਫੌਜਾਂ ਨੇ ਆਨੰਦਪੁਰ ਦੇ ਕਿਲੇ ਨੂੰ ਘੇਰਨ ਦਾ ਜਤਨ ਕੀਤਾ ਪਰ ਸਫਲ ਨਾ ਹੋ ਸਕੇ। ਕਈ ਮਹੀਨਿਆਂ ਦੀ ਘੇਰੇਬੰਦੀ ਤੋਂ ਬਾਦ ਮੁਗ਼ਲ ਸੈਨਿਕ ਆਗੂਆਂ ਨੇ ਝੂਠੀਆਂ ਕਸਮਾਂ ਖਾ ਕੇ ਗੁਰੂ ਜੀ ਪਾਸੋਂ ਕਿਲਾ ਖਾਲੀ ਕਰਵਾ ਲਿਆ। ਪਰ ਰਾਤ ਵੇਲੇ ਕਿਲੇ ਤੋਂ ਨਿਕਲੀ ਖਾਲਸਾ ਫੌਜ ਉੱਤੇ ਧੋਖੇ ਨਾਲ ਹਮਲਾ ਕਰ ਦਿੱਤਾ। ਇਸ ਅਚਾਨਕ ਹਮਲੇ ਕਾਰਣ ਅਨੇਕਾਂ ਸਿੰਘ ਸ਼ਹੀਦ ਹੋ ਗਏ। ਬਹੁਤ ਸਾਰਾ ਕੀਮਤੀ ਸਾਜ਼ ਸਾਮਾਨ ਅਤੇ ਸਾਹਿਤਕ ਰਚਨਾਵਾਂ ਸਿਰਸਾ ਨਦੀ ਵਿਚ ਰੁੜ੍ਹ ਗਈਆਂ। ਗੁਰੂ ਜੀ ਦਾ ਪਰਿਵਾਰ ਨਿਖੜ ਗਿਆ।" ਚਾਲੀ ਸਿੱਖਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਸਹਿਤ ਗੁਰੂ ਜੀ ਚਮਕੌਰ ਪਹੁੰਚੇ ਜਿੱਥੇ ਮੁਗ਼ਲ ਸੈਨਾ ਨਾਲ ਲੜਦੇ ਹੋਏ ਦੋਵੇਂ ਸਾਹਿਬਜ਼ਾਦੇ ਅਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਉਥੋਂ ਗੁਰੂ ਸਾਹਿਬ ਮਾਛੀਵਾੜੇ ਪਹੁੰਚੇ ਅਤੇ 'ਉਚ ਦਾ ਪੀਰ' ਬਣ ਕੇ ਮੁਗ਼ਲ ਸੈਨਾ ਦੇ ਘੇਰੇ ਤੋਂ ਨਿਕਲ ਕੇ ਮਾਲਵੇ ਦੇ ਇਲਾਕੇ ਵਿਚ ਪਹੁੰਚੇ ਅਤੇ ਦੀਨਾ ਕਾਂਗੜ ਤੋਂ ਔਰੰਗਜ਼ੇਬ ਦੇ ਘਟੀਆ ਕਾਰਨਾਮਿਆਂ ਦਾ ਚਿੱਠਾ 'ਜ਼ਫ਼ਰਨਾਮੇ' ਦੇ ਰੂਪ ਵਿਚ ਲਿਖ ਭੇਜਿਆ।"[2] ਦੂਸਰੇ ਪਾਸੇ ਮਾਤਾ ਗੁਜਰੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਲਾਲਚ ਵਸ ਗੁਰੂ ਘਰ ਦੇ ਰਸੋਈਏ ਗੰਗੂ ਨੇ ਸਰਹਿੰਦ ਦੇ ਨਵਾਬ ਵਜ਼ੀਰਖ਼ਾਨ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਜ਼ਾਲਮਾਨਾ ਢੰਗ ਨਾਲ ਦੀਵਾਰ ਵਿਚ ਚੁਣਵਾ ਦਿੱਤਾ।

ਗੁਰੂ ਜੀ ਕੁਝ ਸਮਾਂ ਦਮਦਮਾ ਸਾਹਿਬ ਟਿਕਣ ਤੋਂ ਬਾਦ ਨਾਂਦੇੜ (ਦੱਖਣ) ਵਲ ਚਲੇ ਗਏ। ਇਥੋਂ ਉਨ੍ਹਾਂ ਨੇ ਬੰਦਾ ਵੀਰ ਬੈਰਾਗੀ ਨਾਂ ਦੇ ਇਕ ਸੰਨਿਆਸੀ ਨੂੰ ਸਿੰਘ ਸਜਾ ਕੇ ਧਰਨ-ਯੁੱਧ ਜਾਰੀ ਰੱਖਣ ਲਈ ਪੰਜ ਸਿੰਘਾਂ ਸਹਿਤ ਪੰਜਾਬ ਰਵਾਨਾ ਕਰ ਦਿੱਤਾ। ਨਾਂਦੇੜ ਰਹਿੰਦਿਆਂ ਗੁਰੂ ਜੀ ਇਕ ਪਠਾਨ ਦੇ ਹੱਥੋਂ ਜ਼ਖ਼ਮੀ ਹੋ ਗਏ ਅਤੇ ਕੁਝ ਸਮੇਂ ਬਾਦ ( 7 ਅਕਤੂਬਰ, 1708 ਈ.ਨੂੰ) ਉਨ੍ਹਾਂ ਦਾ ਦੇਹਾਂਤ ਹੋ ਗਿਆ। ਗੁਰੂ ਜੀ ਨੇ ਕਿਸੇ ਵਿਅਕਤੀ ਨੂੰ ਆਪਣਾ ਉੱਤਰਾਧਿਕਾਰੀ

---

[2] ਡਾ. ਰਤਨ ਸਿੰਘ ਜੱਗੀ, **ਪੰਜਾਬੀ ਸਾਹਿੱਤ ਦਾ ਸਰੋਤ ਮੂਲਕ ਇਤਿਹਾਸ**, ਪੰਨਾ - 247.

ਬਣਾਉਣ ਦੀ ਬਜਾਏ ਆਦਿ ਗ੍ਰੰਥ ਨੂੰ (ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ) ਗੁਰਗੱਦੀ ਉੱਤੇ ਬਿਰਾਜਮਾਨ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਦੇਹਧਾਰੀ ਗੁਰੂ ਦੀ ਪ੍ਰਥਾ ਸਮਾਪਤ ਕਰਕੇ ਸ਼ਬਦ-ਗੁਰੂ ਦਾ ਨਵਾਂ ਸੰਕਲਪ ਸਾਮ੍ਹਣੇ ਲਿਆਂਦਾ।

**ਕਾਵਿ-ਸਿਰਜਣਾ** :

ਪ੍ਰਚੱਲਤ ਰਵਇਤ ਅਨੁਸਾਰ ਆਦਿ ਗ੍ਰੰਥ ਦੇ ਮੌਜੂਦਾ ਸਰੂਪ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਗੁਰੂ ਗੋਬਿੰਦ ਸਿੰਘ ਦਾ ਸਿਰਫ਼ ਇਕ ਸ਼ਲੋਕ ਗੁਰੂ ਤੇਗ ਬਹਾਦਰ ਦੇ ਸ਼ਲੋਕਾਂ ਵਿਚ (ਸ਼ਲੋਕ ਨੰ. 54) ਦਰਜ ਹੈ ਜੋ ਉਨ੍ਹਾਂ ਦੇ ਸ਼ਲੋਕ ਨੰ. 53 ਦੇ ਪ੍ਰਤਿ-ਉੱਤਰ ਵਿਚ ਉਚਾਰਿਆ ਗਿਆ ਮੰਨਿਆਂ ਜਾਂਦਾ ਹੈ। ਪਰ ਗੁਰੂ ਜੀ ਦੀ ਸਾਹਿਤ-ਸਾਧਨਾ ਦੇ ਵੱਡਮੁੱਲੇ ਯੋਗਦਾਨ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਉਨ੍ਹਾਂ ਨੇ ਆਪਣੀ ਚਮਤਕਾਰੀ ਸਾਹਿਤਕ ਪ੍ਰਤਿਭਾ ਦੇ ਮਾਧਿਅਮ ਰਾਹੀਂ ਆਦਿ ਗ੍ਰੰਥ ਵਾਂਗ ਹੀ ਇਕ ਹੋਰ ਵੱਡ-ਆਕਾਰੀ ਗ੍ਰੰਥ ਦੀ ਰਚਨਾ ਕੀਤੀ ਹੈ ਜਿਸਨੂੰ **ਦਸਮ ਗ੍ਰੰਥ** ਆਖਿਆ ਜਾਂਦਾ ਹੈ। ਸਿੱਖ ਭਾਈਚਾਰੇ ਵਿਚ ਆਦਿ ਗ੍ਰੰਥ ਤੋਂ ਬਾਦ ਦਸਮ ਗ੍ਰੰਥ ਨੂੰ ਸੱਭ ਤੋਂ ਵੱਧ ਆਦਰਯੋਗ ਮੰਨਿਆਂ ਜਾਂਦਾ ਹੈ। ਪ੍ਰਚੱਲਤ ਰਵਾਇਤ ਅਨੁਸਾਰ ਇਸ ਸੰਪੂਰਣ ਗ੍ਰੰਥ ਰਚਨਾ ਦਸਵੇਂ ਸਿੱਖ-ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ। " ਵੀਹਵੀਂ ਸਦੀ ਦੇ ਆਰੰਭ ਤਕ ਪਰ ਇਸਦਾ ਪ੍ਰਕਾਸ਼ ਗੁਰਦੁਆਰਿਆਂ, ਇਤਿਹਾਸਕ ਗੁਰੂ-ਧਾਮਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਨਾਲ ਕੀਤਾ ਜਾਂਦਾ ਰਿਹਾ, ਪਰ ਉਨ੍ਹੀਵੀਂ ਸਦੀ ਦੇ ਅੰਤਵਿਚ ਸ਼ੁਰੂ ਹੋਏ ਸੁਧਾਰਵਾਦੀ ਅੰਦੋਲਨਾਂ ਅਤੇ ਬੌਧਿਕ ਵਿਕਾਸ ਨੇ ਇਸ ਗ੍ਰੰਥ ਪ੍ਰਤਿ ਉਪਰਾਮਤਾ ਦੀ ਭਾਵਨਾ ਭਰ ਦਿੱਤੀ। ਫਲਸਰੂਪ, ਆਮ ਗੁਰਦੁਆਰਿਆਂ ਵਿਚੋਂ ਇਸਦੀਆਂ ਬੀੜਾਂ ਪ੍ਰਕਾਸ਼ ਕਰਨੋਂ ਹਟਾ ਦਿੱਤੀਆਂ ਗਈਆਂ।"[3] ਦਸਮ ਗ੍ਰੰਥ ਦੀਆਂ ਕਈ ਬੀੜਾਂ ਪ੍ਰਾਪਤ ਹਨ ਜਿਨ੍ਹਾਂ ਵਿਚ ਦਰਜ ਰਚਨਾਵਾਂ ਵਿਚ ਕੁਝ ਅੰਤਰ ਵੀ ਹੈ। ਤੁਲਨਾਤਮਕ ਦ੍ਰਿਸ਼ਟੀ ਤੋਂ ਇਸ ਵਿਚਲੀਆਂ ਪ੍ਰਮੁੱਖ ਰਚਨਾਵਾਂ ਨਿਮਨ-ਅੰਕਿਤ ਹਨ :

1. ਜਾਪੁ, 2. ਅਕਾਲ ਉਸਤਤਿ, 3. ਬਚਿਤ੍ਰ ਨਾਟਕ, 4. ਚੰਡੀ ਚਰਿਤ੍ਰ (ਉਕਤੀ ਵਿਲਾਸ), 5. ਚੰਡੀ ਚਰਿਤ੍ਰ-ਦੂਜਾ, 6. ਵਾਰ ਸ੍ਰੀ ਭਗਉਤੀ ਜੀ ਕੀ, 7. ਗਿਆਨ ਪ੍ਰਬੋਧ, 8. ਚੌਬੀਸ ਅਵਤਾਰ, 12. ਸਵੈਯੇ, 13. ਖਾਲਸਾ ਮਹਿਮਾ, 14. ਸ਼ਸਤਰ ਨਾਮ ਮਾਲਾ, 15. ਚਰਿਤ੍ਰੋਪਾਖਿਆਨ ਅਤੇ, 16. ਜ਼ਫ਼ਰਨਾਮਾ।

ਦਸਮ ਗ੍ਰੰਥ ਬਾਰੇ ਹੁਣ ਤਕ ਹੋਈ ਖੋਜ ਨੇ ਇਸ ਗ੍ਰੰਥ ਦੇ ਕਰਤ੍ਰਿੱਤਵ ਸੰਬੰਧੀ ਵਿਦਵਾਨਾਂ ਨੂੰ ਦੋ ਧੜਿਆਂ ਵਿਚ ਵੰਡ ਦਿੱਤਾ ਹੈ। ਇਕ ਧੜਾ ਇਸ ਸੰਪੂਰਣ ਰਚਨਾ ਨੂੰ ਗੁਰੂ ਜੀ ਦੀ ਰਚਨਾ ਮੰਨਣ ਦੇ ਹੱਕ ਵਿਚ ਹੈ ਜਦੋਂ ਕਿ ਦੂਸਰਾ ਧੜਾ ਇਸ ਵਿਚਲੀਆਂ ਕੇਵਲ ਭਗਤੀ ਭਾਵ ਵਾਲੀਆਂ ਕੁਝ ਰਚਨਾਵਾਂ ਨੂੰ ਹੀ ਗੁਰੂ ਜੀ ਦੀਆਂ ਰਚਨਾਵਾਂ ਮੰਨਣ ਦੇ ਹੱਕ ਵਿਚ ਹੈ। ਬਾਕੀ ਦੀਆਂ ਰਚਨਾਵਾਂ ਦਾ ਸੰਬੰਧ ਉਹ ਗੁਰੂ ਜੀ ਦੇ ਦਰਬਾਰੀ ਕਵੀਆਂ ਨਾਲ ਜੋੜਦਾ ਹੈ। ਇਹ ਵਿਵਾਦ ਅਸਲ ਵਿਚ ਵਧੇਰੇ ਅਵਤਾਰ-ਕਥਾਵਾਂ ਅਤੇ ਚਰਿਤ੍ਰੋਪਾਖਿਆਨ ਦੇ ਸੰਦਰਭ ਵਿਚ ਹੈ। ਇਨ੍ਹਾਂ ਵਿਦਵਾਨਾਂ ਨੇ ਦਸਮ ਗ੍ਰੰਥ ਵਿਚਲੀਆਂ ਅਵਤਾਰ-ਕਥਾਵਾਂ ਨੂੰ ਨਿਰਗੁਣ ਸਾਧਨਾ ਦੇ ਵਿਰੋਧ ਵਿਚ ਰੱਖ ਕੇ ਦੇਖਣ ਦਾ ਜਤਨ ਕੀਤਾ ਹੈ।ਨਿਰਪੱਖ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਹ ਦਲੀਲ ਬਹੁਤੀ ਵਜ਼ਨਦਾਰ ਨਹੀਂ। ਗੁਰੂ ਗੋਬਿੰਦ ਸਿੰਘ ਨੇਆਦਿ ਗ੍ਰੰਥ ਦਾ ਪੁਨਰ-ਸੰਪਾਦਨ ਕਰਦਿਆਂ ਜੇ ਆਪਣੀ ਰਚਨਾ ਨੂੰ ਉਸ ਪਾਵਨ ਗ੍ਰੰਥ ਵਿਚ ਸ਼ਾਮਿਲ ਨਹੀਂ ਕੀਤਾ ਤਾਂ ਇਸਦਾ ਸਪਸ਼ਟ ਤੌਰ ਤੇ ਇਹ ਅਰਥ ਵੀ ਨਿਕਲਦਾ ਹੈ ਕਿ ਗੁਰੂ ਜੀ ਇਸ ਗ੍ਰੰਥ ਦਾ ਮੰਤਵ ਤੇ ਮਨੋਰਥ ਵੱਖਰਾ ਸਮਝਦੇ ਸਨ। ਇਹ ਮੰਤਵ ਵਿਰਸੇ ਦੇ ਗਿਆਨ ਨੂੰ ਵਰਤਮਾਨ ਲਈ ਪ੍ਰਾਸੰਗਿਕ ਬਣਾ ਕੇ ਗ੍ਰਹਿਣ ਕਰਨਾ ਹੈ ਜਿਸ ਬਾਰੇ ਗੁਰੂ ਕਵੀ ਪੂਰੀ ਤਰ੍ਹਾਂ ਸੁਚੇਤ ਹਨ।

---

[3] ਓਹੀ, ਪੰਨਾ - 249.

ਅਸਲ ਵਿਚ ਦਸਮ ਗ੍ਰੰਥ ਭਾਰਤੀ ਲੋਕ ਮਨ ਵਿਚ ਵਸੇ ਹੋਏ ਪੌਰਾਣਿਕ ਪ੍ਰਸੰਗਾਂ ਦਾ ਪੁਨਰ-ਬਿਰਤਾਂਤ ਸਿਰਜ ਕੇ ਆਪਣੇ ਸਮਕਾਲੀ ਪਾਠਕ / ਸਰੋਤਿਆਂ ਦੇ ਅਵਚੇਤਨ ਨੂੰ ਟੁੰਬਣਾ ਚਾਹੁੰਦਾ ਹੈ। ਇਸ ਗੱਲ ਵਲ ਰਚਨਾਕਾਰ ਨੇ ਇਕ ਥਾਵੇਂ ਖ਼ੁਦ ਵੀ ਸੰਕੇਤ ਕੀਤਾ ਹੈ :

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ।

ਅਵਰ ਵਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ।

(**ਕ੍ਰਿਸ਼ਨਾਵਤਾਰ**)

ਗੁਰੂ ਗੋਬਿੰਦ ਸਿੰਘ ਵਲੋਂ ਪ੍ਰਾਚੀਨ ਭਾਰਤੀ ਇਤਿਹਾਸ ਅਤੇ ਪੁਰਾਣ ਦਾ ਮੰਥਨ ਕਰਨਾ ਅਤੇ ਖਾਲਸਾ ਪੰਥ ਦੀ ਸਾਜਨਾ ਕਰਨਾ ਇਕੋ ਹੀ ਮਨੋਰਥ ਦੇ ਦੋ ਪਹਿਲੂ ਹਨ – ਅਤਿਆਚਾਰੀ ਪ੍ਰਬੰਧ ਦੇ ਖ਼ਿਲਾਫ਼ ਜੂਝਣ ਲਈ ਨੈਤਿਕ ਮਨੋਬਲ ਪੈਦਾ ਕਰਨਾ ਅਤੇ ਇਨਸਾਫ਼ ਦੀ ਭਾਵਨਾ ਨਾਲ ਲੜਨ ਵਾਲਾ ਸ਼ਸਤਰਧਾਰੀ ਯੋਧਾ ਤਿਆਰ ਕਰਨਾ। ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਕਿਸੇ ਧਰਮ ਜਾਂ ਫ਼ਿਰਕੇ ਦੇ ਵਿਰੁੱਧ ਲੜਨ ਲਈ ਨਹੀਂ ਤਿਆਰ ਕੀਤਾ ਸੀ ਸਗੋਂ ਹਰ ਕਿਸਮ ਦੇ ਜ਼ੁਲਮ ਨਾਲ ਲੜਨ ਲਈ ਸਾਜਿਆ ਸੀ। ਇਸੇ ਲਈ ਉਨ੍ਹਾਂ ਨੇ ਖਾਲਸੇ ਨੂੰ ਅਕਾਲ ਪੁਰਖ ਕੀ ਫ਼ੌਜ ਆਖਿਆ ਹੈ। ਇਸ ਤਰ੍ਹਾਂ ਗੁਰੂ ਕਵੀ ਦੇ ਸਾਜੇ ਹੋਏ ਦਸਮ ਗ੍ਰੰਥ ਵਿਚਲੀਆਂ ਰਚਨਾਵਾਂ ਆਦਿ ਗ੍ਰੰਥ ਦੀ ਵਿਚਾਰਧਾਰਾ ਦਾ ਹੀ ਅਨੁਸਰਣ ਕਰਦੀਆਂ ਹਨ। ਇਸ ਵਿਚਲੀਆਂ ਕੁਝ ਰਚਨਾਵਾਂ – ਜਿਵੇਂ ਜਾਪੁ ਅਕਾਲ ਉਸਤਤਿ ਅਤੇ ਸਵੈਯੇ – ਤਾਂ ਸਿੱਧੇ ਤੌਰ ਤੇ ਆਦਿ ਗ੍ਰੰਥ ਦੇ ਵਿਚਾਰਧਾਰਈ ਮਾੱਡਲ ਅਨੁਸਾਰ ਹੀ ਰਚੀਆਂ ਗਈਆਂ ਹਨ। ਇਸ ਮੰਤਵ ਲਈ ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥

ਰੂਪ ਰੰਗ ਅਕੋਉ ਕਹਿ ਨਾ ਸਕਤ ਕਿਹ॥

ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿਜੈ॥

ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿਜੈ॥[4]

ਇਨ੍ਹਾਂ ਪੰਗਤੀਆਂ ਵਿਚ ਬ੍ਰਹਮ ਦੇ ਨਿਰਗੁਣ ਨਿਰਾਕਾਰ ਸਰੂਪ ਦਾ ਸੰਕਲਪ ਹੀ ਸਾਮ੍ਹਣੇ ਰੱਖਿਆ ਗਿਆ ਹੈ। ਇਹੀ ਗੱਲ ਮਨੁੱਖੀ ਭਾਈਚਾਰਿਆਂ ਦੀਆਂ ਭਿੰਨਤਾਵਾਂ ਦਾ ਆਦਰ ਕਰਨ ਵਾਲੀਆਂ ਤੇ ਉਨ੍ਹਾਂ ਨੂੰ ਬਰਾਬਰ ਤਸਲੀਮ ਕਰਨ ਵਾਲੀਆਂ ਅਕਾਲ ਉਸਤਤਿ ਦੀਆਂ ਨਿਮਨ-ਅੰਕਿਤ ਪੰਗਤੀਆਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ :

ਕੋਊ ਭਯੋ ਮੁੰਡਿਆ ਸਨਿਆਸੀ ਕੋਊ ਜੋਗੀ ਭਯੋ,

ਕੋਊ ਬ੍ਰਹਮਚਾਰੀ, ਕੋਊ ਜਤਿ ਅਨੁਮਾਨਬੋ॥

ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮ ਸਾਫੀ,

ਮਾਨਸ ਕੀ ਜਾਤਿ ਸਭੈ ਏਕੈ ਪਹਚਾਨਬੋ॥. . .

ਦੇਹੁਰਾ ਮਸੀਤ ਸੋਈ ਪੂਜਾ ਅਓ ਨਿਵਾਜ ਓਈ

ਮਾਨਸ ਸਭੈ ਏਕ ਪੈ ਅਨੇਕ ਕਓ ਭ੍ਰਮਾਉ ਹੈ॥

---

[4] **ਦਸਮ ਗ੍ਰੰਥ**, ਪੰਨਾ –

ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,

ਨਿਆਰੇ ਨਿਆਰੇ ਦੇਸਨ ਕੇ ਭੇਸ ਕਓ ਪ੍ਰਭਾਓ ਹੈ॥ [5]

**ਬਚਿਤ੍ਰ ਨਾਟਕ** ਰਚਨਾ ਦਸਮ ਗ੍ਰੰਥ ਦੀ ਮਹਤਵਪੂਰਣ ਬਿਰਤਾਂਤਕ ਰਚਨਾ ਹੈ। ਆਮ ਤੌਰ ਤੇ ਭਾਵੇਂ ਇਸਨੂੰ ਗੁਰੂ ਕਵੀ ਦੀ ਆਤਮ-ਕਥਾ (ਅਪਨੀ ਕਥਾ) ਤਕ ਸੀਮਿਤ ਮੰਨਿਆਂ ਜਾਂਦਾ ਹੈ ਪਰ ਅਸਲ ਵਿਚ ਇਹ ਇਕ ਵਿਸਤ੍ਰਿਤ ਰਚਨਾ ਹੈ ਜਿਸ ਵਿਚ ਦੋਵੇਂ ਚੰਡੀ ਚਰਿਤ੍ਰ ਚੌਬੀਸ ਅਵਤਾਰ ਅਤੇ ਬ੍ਰਹਮਾ-ਰੁਦ੍ਰ ਅਵਤਾਰ ਪ੍ਰਸੰਗ ਵੀ ਸ਼ਾਮਿਲ ਹਨ। 'ਅਪਨੀ ਕਥਾ' ਦੇ ਅੰਤਰਗਤ ਕਵੀ ਨੇ ਆਪਣੇ ਮੁੱਢਲੇ ਜੀਵਨ ਤੋਂ ਸ਼ੁਰੂ ਕਰ ਕੇ ਆਪਣੇ ਰਾਜ-ਸਾਜ, ਪਹਾੜੀ ਰਾਜਿਆਂ ਨਾਲ ਹੋਏ ਯੁੱਧ ਦਾ ਵਰਣਨ ਦਿਲਵਰ ਖ਼ਾਨ ਆਦਿ ਨਾਲ ਯੁੱਧ ਦਾ ਵਰਣਨ, ਔਰੰਗਜ਼ੇਬ ਦੇ ਪੁੱਤਰ ਮੁਅਜ਼ਮ ਵਲੋਂ ਪੰਜਾਬ ਉੱਤੇ ਫੌਜਕਸ਼ੀ ਆਦਿ ਦਾ ਵਰਣਨ ਹੈ। ਇਨ੍ਹਾਂ ਘਟਨਾਵਾਂ ਦਾ ਵਰਣਨ ਇਤਿਹਾਸਕ ਮਹੱਤਵ ਰੱਖਦਾ ਹੈ। ਇਸ ਤੋਂ ਇਲਾਵਾ ਇਸ ਰਚਨਾ ਵਿਚ ਗੁਰੂ ਕਵੀ ਨੇ ਆਪਣੇ ਜੀਵਨ ਮਨੋਰਥ ਅਤੇ ਰੂਹਾਨੀ ਮਿਸ਼ਨ ਨੂੰ ਵੀ ਮੂਰਤੀਮਾਨ ਕਰਨ ਦਾ ਉਪਰਾਲਾ ਕੀਤਾ ਹੈ।

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪੈਠਾਏ॥

ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨ ਪਕਰਿ ਪਛਾਰੋ॥

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥

ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕਓ ਮੂਲ ਉਪਾਰਨ॥ [6]

ਇਨ੍ਹਾਂ ਪੰਗਤੀਆਂ ਦੇ ਮਾਧਿਅਮ ਰਾਹੀਂ ਗੁਰੂ-ਕਵੀ ਨੇ ਭਾਰਤੀ ਲੋਕ ਮਨ ਵਿਚ ਵਸੇ ਹੋਏ ਉਸ ਦੈਵੀ ਨਿਆਂ ਵਲ ਸੰਕੇਤ ਕੀਤਾ ਹੈ ਜੋ ਦੁਸ਼ਟਾਂ ਦਾ ਦਮਨ ਕਰ ਕੇ ਕਲਿਆਣਕਾਰੀ ਵਿਵਸਥਾ ਨੂੰ ਪੁਨਰ-ਸਥਾਪਿਤ ਕਰਦਾ ਹੈ। ਇਸ ਭਾਵਨਾ ਦੀ ਤੁਲਨਾ ਭਗਵਤ-ਗੀਤਾ ਦੇ ਨਿਮਨ-ਅੰਕਿਤ ਕਥਨ ਨਾਲ ਕੀਤੀ ਜਾ ਸਕਦੀ ਹੈ ਜਿਸ ਵਿਚ ਅਵਤਾਰੀ ਸ਼ਕਤੀ ਦੇ ਕਲਿਆਣਕਾਰੀ ਮਨੋਰਥ ਨੂੰ ਮਿੱਥ ਦੇ ਮਾਧਿਅਮ ਰਾਹੀਂ ਮੂਰਤੀਮਾਨ ਕੀਤਾ ਗਿਆ ਹੈ :

यदा यदा हि धर्मस्य ग्लानिर्भवति भारत।

अभ्युत्थानमधर्मस्य तदात्मानं सृजाम्यहम्।

परित्राणाय साधूनाम विनाशाय च दुष्कृताम।

धर्मसंस्थापनार्थाय सम्भवामि युगे युगे।[7]

ਦਸਮ ਗ੍ਰੰਥ ਦੀ ਇਕ ਹੋਰ ਮਹੱਤਵਪੂਰਣ ਰਚਨਾ **ਚੰਡੀ ਦੀ ਵਾਰ** ਹੈ। ਇਹ ਵਾਰ ਪੰਜਾਬੀ ਲੋਕ-ਵਾਰ ਦੇ ਵਿਧੀ-ਵਿਧਾਨ ਅਨੁਸਾਰ ਰਚੀ ਗਈ ਵੀਰਰਸ-ਪ੍ਰਧਾਨ ਰਚਨਾ ਹੈ। ਇਸ ਵਾਰ ਵਿਚ 55 ਪਉੜੀਆਂ ਹਨ ਜਿਨ੍ਹਾਂ ਵਿਚ ਚੰਡੀ (ਭਗਉਤੀ) ਦੇ ਰਾਖਸ਼ਾਂ ਨਾਲ ਯੁੱਧ ਦਾ ਬਿਰਤਾਂਤ ਉਸਾਰਿਆ ਗਿਆ ਹੈ। ਇਸਦੇ ਆਰੰਭ ਵਿਚ ਕਵੀ ਨੇ ਮੰਗਲਾਚਰਣ ਦੀ ਪ੍ਰਾਚੀਨ ਕਾਵਿ ਪਰੰਪਰਾ ਦਾ ਨਿਭਾਉ ਕੀਤਾ ਹੈ ਅਤੇ ਸੱਭ ਤੋਂ ਪਹਿਲਾਂ ਭਗਉਤੀ ਨੂੰ ਸਿਮਰਿਆ ਹੈ

---

[5] **ਦਸਮ ਗ੍ਰੰਥ**, ਪੰਨਾ -

[6] **ਦਸਮ ਗ੍ਰੰਥ**, ਪੰਨਾ -

[7] **ਭਗਦਗੀਤਾ**

ਜਿਸਨੂੰ ਗੁਰੂ ਜੀ ਨੇ ਆਦਿ ਸ਼ਕਤੀ ਦੇ ਪ੍ਰਤੀਕ ਵਜੋਂ ਸੰਕਲਪਿਆ ਹੈ। ਚੰਡੀ ਦੀ ਵਾਰ ਦੀ ਕਥਾ ਵਸਤੂ ਇੰਦਰ ਦੀ ਰਾਖਸ਼ਾਂ ਹੱਥੋਂ ਹੋਈ ਹਾਰ ਅਤੇ ਉਸਦੀ ਦੁਰਗਾ ਪਾਸ ਪੁਕਾਰ ਨਾਲ ਸ਼ੁਰੂ ਹੁੰਦੀ ਹੈ ਅਤੇ ਭਿਆਨਕ ਯੁੱਧਾਂ ਤੋਂ ਬਾਦ ਪ੍ਰਾਪਤ ਹੋਣ ਵਾਲੀ ਜਿਤ ਨਾਲ ਖਤਮ ਹੁੰਦੀ ਹੈ।

ਇਸ ਵਾਰ ਦੀ ਮੁੱਖ ਵਿਸ਼ੇਸ਼ਤਾ ਯੁੱਧ ਦੇ ਉਮਾਹ ਭਰਪੂਰ ਵਰਣਨ ਵਿਚ ਛੁਪੀ ਹੋਈ ਹੈ। ਗੁਰੂ ਕਵੀ ਨੇ ਯੋਧਿਆਂ ਦੀ ਬਹਾਦਰੀ ਪ੍ਰਤਿ ਪ੍ਰਸੰਸਾਤਮਕ ਦ੍ਰਿਸ਼ਟੀ ਅਪਣਾਈ ਹੈ – ਯੋਧਾ ਭਾਵੇ ਸੁਰ ਹੋਵੇ ਅਤੇ ਭਾਵੇਂ ਅਸੁਰ, ਦੈਂਤ ਹੋਵੇ ਭਾਵੇਂ ਦੇਵਤਾ। ਇਸ ਵਾਰ ਦਾ ਤੱਤਕਾਲੀਨ ਸੰਦਰਭ ਵੀ ਆਪ-ਮੁਹਾਰੇ ਹੀ ਉਜਾਗਰ ਹੋ ਉਠਦਾ ਹੈ ਜਦੋਂ ਅਸੀਂ ਇਸ ਵਾਰ ਵਿਚਲੀਆਂ ਪ੍ਰਤਿ-ਦਵੰਦੀ ਸ਼ਕਤੀਆਂ ਨੂੰ ਨੇਕੀ ਅਤੇ ਬਦੀ ਦੇ ਰੂਪਕਾਂ ਵਜੋਂ ਵਾਚਦੇ ਹਾਂ। ਰਚਨਾਕਾਰ ਦੀ ਖ਼ੂਬੀ ਇਹ ਹੈ ਕਿ ਇਸ ਵਿਚ ਮੂਲ ਕਥਾਨਕ ਦੇ ਕਥਾ-ਸੂਤਰਾਂ ਨਾਲੋਂ ਵਧੇਰੇ ਉਨ੍ਹਾਂ ਵਿਚਲੇ ਵੀਰਤਾ ਭਰਪੂਰ ਪ੍ਰਸੰਗਾਂ ਨੂੰ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਰਚਨਾ ਮਿੱਥ ਦੇ ਹਵਾਲੇ ਨਾਲ ਭਾਰਤੀ ਲੋਕ ਮਨ ਦੇ ਅਵਚੇਤਨ ਸੋਮਿਆਂ ਨੂੰ ਟੁੰਬਣ ਦਾ ਜਤਨ ਕਰਦੀ ਹੈ। ਇਹ ਗੱਲ ਗੁਰੂ ਕਵੀ ਦੇ ਜੀਵਨ ਉਦੇਸ਼ ਅਤੇ ਰੂਹਾਨੀ ਸੰਦੇਸ਼ ਦੋਹਾਂ ਨਾਲ ਮੇਲ ਖਾਂਦੀ ਹੈ।